# अनुवाद

| पंजाबी वाक्य | हिंदी वाक्य |
|---|---|
| ਅਨਿਲ ਕਿਤਾਬ ਪੜ੍ਹਦਾ ਹੈ। | **अनिल पुस्तक पढ़ता है।** |
| ਅਨਿਲ ਕਿਤਾਬ ਪੜ੍ਹ ਰਿਹਾ ਹੈ। | **अनिल पुस्तक पढ़ रहा है।** |
| ਅਨਿਲ ਕਿਤਾਬ ਪੜ੍ਹ ਰਿਹਾ ਹੋਵੇ ਗਾ। | **अनिल पुस्तक पढ़ रहा होगा।** |
| ਅਨਿਲ ਨੇ ਕਿਤਾਬ ਪੜ੍ਹੀ। | **अनिल ने पुस्तक पढ़ी।** |
| ਅਨਿਲ ਨੇ ਕਿਤਾਬ ਪੜ੍ਹੀ ਸੀ। | **अनिल ने पुस्तक पढ़ी थी।** |

| | |
|---|---|
| 1.ਸੱਚੇ ਬਹਾਦਰ ਕਦੇ ਵੀ ਯੁੱਧ ਵਿੱਚ ਪਿੱਠ ਨਹੀਂ ਦਿਖਾਉਂਦੇ। | **सच्चे बहादुर कभी भी युद्ध में पीठ नहीं दिखाते।** |
| 2. ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ। | **माता-पिता को अपने बच्चों का ध्यान रखना चाहिए।** |
| 3. ਮਿਹਨਤੀ ਆਦਮੀ ਹਮੇਸ਼ਾ ਸਫ਼ਲ ਹੁੰਦਾ ਹੈ। | **परिश्रमी आदमी सदैव सफल होता है।** |
| 4.ਹਰਪਾਲ ਸਿੰਘ ਪੜ੍ਹਦਾ ਹੈ ਅਤੇ ਰਜਿੰਦਰ | **हरपाल सिंह पढ़ता है और राजेंद्र कुमार** |

| | |
|---|---|
| ਕੁਮਾਰ ਖੇਡਦਾ ਹੈ। | **खेलता है।** |
| 5. ਮੇਰੇ ਵੱਡੇ ਭਰਾ ਦਾ ਵਿਹਾਰ ਬਹੁਤ ਹੀ ਨਰਮ ਹੈ। | **मेरे बड़े भाई का व्यवहार बहुत ही नर्म  है।** |
| 6.ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਸੀ। | **गुरु गोबिंद सिंह जी ने 'खालसा पंथ'  की सृजना  की  थी  ।** |
| 7.ਸਾਨੂੰ ਕਦੇ ਵੀ ਕਿਸੇ ਦਾ ਬੁਰਾ ਨਹੀਂ ਕਰਨਾ ਚਾਹੀਦਾ। | **हमें कभी भी किसी का बुरा नहीं करना चाहिए।** |
| 8. ਗੁਰੂ ਨਾਨਕ ਦੇਵ ਜੀ ਇੱਕ ਉੱਚੀ-ਸੁੱਚੀ ਤੇ ਬਹੁਮੁਖੀ ਸ਼ਖ਼ਸੀਅਤ ਦੇ ਮਾਲਕ ਸਨ। | **गुरु नानक देव जी एक ऊँचे- सच्चे और बहुमुखी व्यक्तित्व के स्वामी थे।** |
| 9. ਉਹੀ ਵਿਅਕਤੀ ਸਭ ਦੀ ਸੇਵਾ ਕਰ ਸਕਦਾ ਹੈ ਜਿਹੜਾ ਪੂਰੀ ਤਰ੍ਹਾਂ ਸਵਾਰਥ ਤੋਂ ਰਹਿਤ ਹੋਵੇ। | **वही व्यक्ति सब की सेवा कर सकता है जो पूरी तरह स्वार्थ रहित हो।** |
| 10. ਸਾਨੂੰ ਪ੍ਰਭੂ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ। | **हमें ईश्वर पर विश्वास करना चाहिए।** |
| 11. ਚੰਡੀਗੜ੍ਹ , ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਹੈ। | **चंडीगढ़, पंजाब तथा हरियाणा की राजधानी है।** |
| 12. ਸ਼ਹੀਦ ਸੁਖਦੇਵ ਬਚਪਨ ਤੋਂ ਹੀ ਦ੍ਰਿੜ ਸੁਭਾਅ ਦੇ ਸਨ। | **शहीद सुखदेव बचपन से ही दृढ़ स्वभाव के थे।** |
| 13. ਅੱਜ ਵਿਗਿਆਪਨ ਕਲਾ ਤੇਜ਼ੀ ਨਾਲ | **आज विज्ञापन कला तेज़ी  से उन्नति कर** |

| | |
|---|---|
| ਉੱਨਤੀ ਕਰ ਰਹੀ ਹੈ। | **रही है।** |
| 14. ਇਹ ਉਹੀ ਵਿਦਿਆਰਥੀ ਹੈ ਜਿਸ ਨੂੰ ਕੱਲ ਇਨਾਮ ਮਿਲਿਆ ਸੀ। | **यह वही विद्यार्थी है जिसे कल इनाम मिला था।** |
| 15. ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। | **भारत को सोने की चिड़िया कहा जाता था।** |
| 16. ਕੁੱਝ ਪਾਉਣ ਲਈ ਕੁੱਝ ਗਵਾਉਣਾ ਵੀ ਪੈਂਦਾ ਹੈ। | **कुछ पाने के लिए कुछ गँवाना भी पड़ता है।** |
| 17. ਵੱਡਾ ਉਹ ਹੁੰਦਾ ਹੈ ਜਿਹੜਾ ਆਪਣੇ ਕੋਲ ਬੈਠੇ ਨੂੰ ਛੋਟਾ ਮਹਿਸੂਸ ਨਾ ਹੋਣ ਦੇਵੇ। | **बड़ा वह होता है जो अपने पास बैठे हुए को छोटा महसूस न होने दे।** |
| 18. ਮੇਰਾ ਵੱਡਾ ਮੁੰਡਾ ਦਸਵੀਂ ਦੀ ਪਰੀਖਿਆ ਵਿੱਚੋਂ ਰਾਜ ਭਰ ਵਿੱਚ ਪਹਿਲੇ ਨੰਬਰ 'ਤੇ ਆਇਆ ਹੈ। | **मेरा बड़ा लड़का दसवीं की परीक्षा में से राज्य भर में से प्रथम स्थान पर आया है।** |
| 19. ਸੁਹਾਗ ਕੁੜੀ ਦੇ ਵਿਆਹ ਵੇਲੇ ਗਾਏ ਜਾਂਦੇ ਹਨ। | **सुहाग लड़की के विवाह के अवसर पर गाये जाते हैं।** |
| 20. ਆਮਦਨ ਤੋਂ ਵੱਧ ਖ਼ਰਚ ਕਰਨਾ ਚੰਗੀ ਗੱਲ ਨਹੀਂ। | **आय से अधिक व्यय करना अच्छी बात नहीं।** |
| 21. ਮਾਪਿਆਂ ਦੀ ਸੇਵਾ ਕਰਨਾ ਸਾਡਾ ਸਭ ਤੋਂ ਵੱਡਾ ਧਰਮ ਹੈ। | **माता-पिता की सेवा करना हमारा सबसे बड़ा धर्म है।** |

| | |
|---|---|
| 22. ਦੰਦਾਂ ਨੂੰ ਹਰ ਰੋਜ਼ ਸਾਫ਼ ਕਰਨਾ ਚਾਹੀਦਾ ਹੈ। | **हर रोज़ दाँतों को साफ करना चाहिए।** |
| 23. ਮਿਹਨਤੀ ਕਦੇ ਵੀ ਕੰਮ ਤੋਂ ਜੀ ਨਹੀਂ ਚੁਰਾਉਂਦਾ। | **मेहनती कभी काम से जी नहीं चुराता।** |
| 24. ਭਾਰਤ ਦੇਸ਼ ਮੇਰੀ ਆਨ, ਬਾਨ ਅਤੇ ਸ਼ਾਨ ਹੈ। | **भारत देश मेरी आन, बान और शान है।** |
| 25. ਮਹਾਤਮਾ ਗਾਂਧੀ ਨੂੰ ਰਾਸ਼ਟਰ ਪਿਤਾ ਕਿਹਾ ਜਾਂਦਾ ਹੈ। | **महात्मा गांधी को राष्ट्रपिता कहा जाता है ।** |
| 26. ਨਫ਼ਰਤ ਉੱਤੇ ਪਿਆਰ ਨਾਲ ਨੂੰ ਜਿੱਤ ਪ੍ਰਾਪਤ ਕਰੋ। | **नफ़रत पर प्रेम के साथ जीत प्राप्त करो।** |
| 27. ਵਿਹਲੇ ਬੈਠ ਕੇ ਕੀਮਤੀ ਸਮਾਂ ਨਹੀਂ ਗੁਆਉਣਾ ਚਾਹੀਦਾ। | **व्यर्थ बैठकर बहुमूल्य समय नहीं गँवाना चाहिए।** |
| 28. ਮਾਂ ਆਪ ਹਰ ਦੁੱਖ ਸਹਾਰ ਕੇ ਆਪਣੇ ਲਾਡਲੇ ਨੂੰ ਹਰ ਸੁੱਖ ਦਿੰਦੀ ਹੈ। | **माँ स्वयं हर दुःख सहकर अपने लाडले को हर सुख देती है।** |
| 29.ਪੰਚਾਇਤ ਦੇ ਮੁਖੀ ਨੂੰ ਸਰਪੰਚ ਕਿਹਾ ਜਾਂਦਾ ਹੈ। | **पंचायत के मुखिया को सरपंच कहते हैं।** |
| 30. ਰਾਜਘਾਟ ਮਹਾਤਮਾ ਗਾਂਧੀ ਦੀ ਸਮਾਧ ਹੈ। | **राजघाट महात्मा गांधी की समाधि है।** |
| 31. ਪੰਜਾਬ ਸਕੂਲ ਸਿੱਖਿਆ ਬੋਰਡ ਦਾ | **पंजाब स्कूल शिक्षा बोर्ड का कार्यालय** |

| | |
|---|---|
| ਦਫ਼ਤਰ ਮੁਹਾਲੀ ਸ਼ਹਿਰ ਵਿੱਚ ਹੈ। | **मोहाली शहर में है।** |
| 32. ਛੁੱਟੀ ਉਪਰੰਤ ਮੈਂ ਸਿੱਧਾ ਘਰ ਚਲਾ ਗਿਆ ਸੀ। | **छुट्टी के उपरान्त मैं सीधा घर चला गया था।** |
| 33. ਸ੍ਰੀ ਕ੍ਰਿਸ਼ਨ ਦੀ ਮਾਤਾ ਦਾ ਨਾਂ ਦੇਵਕੀ ਸੀ। | **श्री कृष्ण की माता का नाम देवकी था।** |
| 34. ਬੁੱਢੀ ਦਾ ਗੁੱਸਾ ਜਲਦੀ ਹੀ ਪਿਆਰ ਵਿੱਚ ਬਦਲ ਗਿਆ। | **बुढ़िया का गुस्सा जल्दी ही प्यार में बदल गया।** |
| 35. ਸੰਤੋਖ ਦਾ ਫ਼ਲ ਮਿੱਠਾ ਹੁੰਦਾ ਹੈ। | **संतोष का फल मीठा होता है।** |
| 36, ਮੁੰਨੀ ਝਾਂਜਰ ਪਾ ਕੇ ਬਹੁਤ ਖੁਸ਼ ਸੀ। | **मुन्नी पाजेब डालकर बहुत खुश थी।** |
| 37. ਸਾਡੀ ਅਧਿਆਪਕਾ ਸਾਨੂੰ ਬਹੁਤ ਪਿਆਰ ਨਾਲ ਪੜ੍ਹਾਉਂਦੀ ਹੈ। | **हमारी अध्यापिका हमें बहुत ही प्यार के साथ पढ़ाती है।** |
| 38. ਪਰੀਖਿਆ ਖ਼ਤਮ ਹੋਣ ਨੂੰ ਦਸ ਮਿੰਟ ਬਾਕੀ ਹਨ। | **परीक्षा समाप्त होने में दस मिनट शेष हैं।** |
| 39. ਪੰਛੀ ਸ਼ਾਮ ਨੂੰ ਆਪਣੇ-ਆਪਣੇ ਆਲ੍ਹਣੇ ਵਿੱਚ ਚਲੇ ਗਏ। | **पक्षी शाम को अपने-अपने घोंसले में चले गये।** |
| 40. ਉਸਦਾ ਦੁੱਖ ਸੁਣ ਕੇ ਮੇਰੀਆਂ ਅੱਖਾਂ ਵਿੱਚੋਂ ਹੰਝੂ ਆ ਗਏ। | **उसका दुःख सुनकर मेरी आँखों से आँसू आ गये।** |

# निम्नलिखित पंजाबी वाक्यों का हिंदी में अनुवाद कीजिए

# (अभ्यास भाग)

| | |
|---|---|
| 1. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਹੈ। | **1.पंजाब विश्वविद्यालय चंडीगढ़ में है।** |
| 2. ਦਿਵਾਲੀ ਕੱਤਕ ਦੀ ਮੱਸਿਆ ਦੀ ਰਾਤ ਨੂੰ ਮਨਾਈ ਜਾਂਦੀ ਹੈ। | 2. **दीवाली कार्तिक की अमावस्या की रात को मनाई जाती है।** |
| 3. ਇਤਿਹਾਸਿਕ ਸਥਾਨਾਂ ਦੀ ਯਾਤਰਾ ਨਾਲ ਸਾਡੇ ਗਿਆਨ ਵਿੱਚ ਵਾਧਾ ਹੁੰਦਾ ਹੈ। | 3. **ऐतिहासिक स्थानों की यात्रा हमारे ज्ञान को बढ़ाती है।** |
| 4. ਛੱਬੀ ਜਨਵਰੀ ਅਤੇ ਪੰਦਰਾਂ ਅਗਸਤ ਸਾਡੇ ਕੌਮੀ ਤਿਉਹਾਰ ਹਨ। | 4. 26 **जनवरी और** 15 **अगस्त हमारी राष्ट्रीय त्यौहार (पर्व) हैं।** |
| 5. ਸਾਡੇ ਹਿਰਦੇ ਵਿੱਚ ਆਪਣੀ ਮਾਂ-ਬੋਲੀ ਲਈ ਪਿਆਰ ਹੋਣਾ ਚਾਹੀਦਾ ਹੈ। | 5. **हमारे हृदय में अपनी मातृभाषा के लिए प्रेम (प्यार) होना चाहिए।** |
| 6. ਕਰਤਾਰ ਸਿੰਘ ਸਰਾਭਾ ਨੇ ਉੱਨੀ ਸਾਲ ਦੀ ਛੋਟੀ ਉਮਰ ਵਿੱਚ ਦੇਸ਼ ਲਈ ਸ਼ਹੀਦੀ ਪਾਈ। | 6. **करतार सिंह सराभा उन्नीस साल की छोटी उम्र में देश के लिए शहीद हो गए थे।** |
| 7. ਮਿਠਾਸ ਅਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ। | 7. **मिठास और विनम्रता सभी गुणों का सार है।** |
| 8. ਵਿਗਿਆਨ ਦੇ ਖੇਤਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। | 8. **विज्ञान का क्षेत्र लगातार बढ़ रहा है।** |
| 9. ਅਖ਼ਬਾਰ ਦਾ ਸਾਡੇ ਜੀਵਨ ਵਿੱਚ | 9. **समाचार पत्र का हमारे जीवन में** |

| | |
|---|---|
| ਮਹੱਤਵਪੂਰਨ ਸਥਾਨ ਹੈ। | **महत्त्वपूर्ण स्थान है।** |
| 10. ਜਨਸੰਖਿਆ ਦੇ ਵੱਧਣ ਨਾਲ ਬੇਰੁਜ਼ਗਾਰੀ ਵੀ ਵੱਧ ਰਹੀ ਹੈ। | 10. **जनसंख्या में वृद्धि के साथ, बेरोज़गारी भी बढ़ रही है।** |
| 11. ਸਾਨੂੰ ਬਿਜਲੀ ਦੀ ਬੱਚਤ ਕਰਨੀ ਚਾਹੀਦੀ ਹੈ। | 11. **हमें बिजली की बचत करनी चाहिए।** |
| 12. ਜੇਕਰ ਤੁਸੀਂ ਆਪਣਾ ਅੱਜ ਖ਼ਰਾਬ ਕਰੋਗੇ ਤਾਂ ਤੁਹਾਡਾ ਕਲ਼ ਵੀ ਖ਼ਰਾਬ ਹੋ ਜਾਏਗਾ। | 12. **अगर आप अपना आज खराब करोगे तो आपका कल भी खराब हो जायेगा ।** |
| 13. ਜਨਤਕ ਸੰਪਤੀ ਦੀ ਰੱਖਿਆ ਕਰੋ ਅਤੇ ਹਿੰਸਾ ਤੋਂ ਦੂਰ ਰਹੋ। | 13. **सार्वजनिक संपत्ति की रक्षा करें और हिंसा से बचें।** |
| 14. ਜਤਿੰਦਰ ਸਿੰਘ ਪੜ੍ਹਦਾ ਹੈ ਨਾਲੇ ਨੌਕਰੀ ਕਰਦਾ ਹੈ। | 14. **जतिंदर सिंह पढ़ता है और नौकरी भी करता है।** |
| 15. ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਕੇ ਖਾਣ ਦੀ ਸਿੱਖਿਆ ਦਿੱਤੀ ਹੈ। | 15. **गुरु नानक देव जी ने हमें कर्म करके खाने की शिक्षा दी ।** |
| 16. ਦੋਸਤਾਂ ਨਾਲ ਕਦੇ ਵੀ ਹੇਰਾਫੇਰੀ ਨਹੀਂ ਕਰਨੀ ਚਾਹੀਦੀ। | 16. **दोस्तों के साथ कभी भी हेरा-फेरी नहीं करनी चाहिए।** |

| | |
|---|---|
| 17. ਜੇਕਰ ਨੌਕਰੀ ਨਹੀਂ ਮਿਲ ਰਹੀ ਤਾਂ ਸ਼ੈ-ਰੁਜ਼ਗਾਰ ਦਾ ਰਸਤਾ ਅਪਨਾਓ। | 17. **अगर आपको नौकरी नहीं मिल रही है, तो स्वरोज़गार का रास्ता अपनाएं।** |
| 18. ਢੋਲ ਦੀ ਅਵਾਜ਼ ਸੁਣ ਕੇ ਅਸੀਂ ਘਰੋਂ ਬਾਹਰ ਆ ਗਏ। | 18. **ढोल (ड्रम) की आवाज़ सुनकर हम घर से बाहर आ गए।** |

| | |
|---|---|
| 19. ਸਿਆਣਾ ਇਨਸਾਨ ਖ਼ਾਲੀ ਸਮੇਂ ਦਾ ਵੀ ਸਦਉਪਯੋਗ ਕਰਦਾ ਹੈ। | 19. **बुद्धिमान व्यक्ति खाली समय का भी सदुपयोग( अच्छा उपयोग) करता है।** |
| 20. ਘਰ ਵਾਂਗ ਸਕੂਲ ਵਿੱਚ ਵੀ ਸਫ਼ਾਈ ਬਹੁਤ ਜ਼ਰੂਰੀ ਹੈ। | 20. **घर की तरह स्कूल में सफ़ाई भी बहुत आवश्यक (ज़रूरी) है।** |

# शिक्षा विभाग,पंजाब

**(मार्गदर्शक:- डॉ. सुनील बहल, असिस्टेंट डायरेक्टर एस.सी.ई.आर.टी. पंजाब)**



**तैयार कर्ता:- राजन शर्मा, जालंधर व राजन, अमृतसर शोधकः- सुमन सहगल, जालंधर**





